


# ਆਪਣੇ ਕੰਨ ਦੇ ਸਾਂਚੇ ਨੂੰ ਦੁਬਾਰਾ ਟਿਊਬ ਕਿਵੇਂ ਲਗਾਈ ਜਾਵੇ




1. ਹੀਅਰਿੰਗ ਏਡ ਤੋਂ ਆਪਣੇ ਕੰਨ ਦੇ ਸਾਂਚੇ ਨੂੰ ਹਟਾਓ ਅਤੇ ਫਿਰ ਕੰਨ ਦੇ ਸਾਂਚੇ ਤੋਂ ਟਿਊਬਿੰਗ ਨੂੰ ਖਿੱਚੋ।



2. ਟਿਊਬਿੰਗ ਦੇ ਪਹਿਲਾਂ ਤੋਂ ਮੁੜੇ ਟੁਕੜੇ ਦੇ ਆਖਰੀ 5 ਸੈ. ਮੀ. ਨੂੰ ਬੰਦ ਸਿਰੇ ਤੱਕ ਕੱਟੋ।




3. ਜਿਸ ਤਰ੍ਹਾਂ ਦਿਖਾਇਆ ਗਿਆ ਹੈ ਕੰਨ ਦੇ ਸਾਂਚੇ ਵਿਚ ਚੈਨਲ ਦੇ ਵਿਚੋਂ ਤਿੱਖੇ ਕੀਤੇ ਸਿਰੇ ਨੂੰ ਲੰਘਾਓ, ਜਦੋਂ ਤੱਕ ਇਹ ਦੂਜੇ ਸਿਰੇ ਤੋਂ ਬਾਹਰ ਨਹੀਂ ਆ ਜਾਂਦਾ। ਜੇਕਰ ਤੁਹਾਡੇ ਕੰਨ ਦੇ ਸਾਂਚੇ ਵਿੱਚ ਦੋ ਛੇਕ ਹਨ ਤਾਂ ਟਿਊਬਿੰਗ ਨੂੰ ਸਿਖਰ 'ਤੇ ਮੌਜੂਦ ਵੱਡੇ ਛੇਕ ਰਾਹੀਂ ਧੱਕੋ।




4. ਟਿਊਬਿੰਗ ਦੇ ਤਿੱਖੇ ਕੀਤੇ ਸਿਰੇ ਨੂੰ ਕੰਨ ਦੇ ਸਾਂਚੇ ਵਿਚੋਂ ਉਸ ਸਮੇਂ ਤੱਕ ਖਿੱਚੋ ਜਦੋਂ ਤੱਕ ਟਿਊਬਿੰਗ ਦਾ ਦੂਜਾ ਸਿਰਾ ਖੜ੍ਹਵਾਂ ਨਹੀਂ ਹੋ ਜਾਂਦਾ ਅਤੇ ਸਾਂਚੇ ਦੇ ਨਾਲ ਸਪਾਟ ਫਿਟ ਨਹੀਂ ਹੋ ਜਾਂਦਾ।


# ਤੁਹਾਡੇ ਕੰਨ ਦੇ ਸਾਂਚੇ ਨੂੰ ਦੁਬਾਰਾ ਟਿਊਬ ਕਿਵੇਂ ਲਗਾਈ ਜਾਵੇ (ਨਿਰੰਤਰ)



5. ਤਿੱਖੇ ਸਿਰੇ ਨੂੰ ਕੰਨ ਦੇ ਸਾਂਚੇ ਦੇ ਜਿੰਨੇ ਨਜ਼ਦੀਕ ਤੋਂ ਹੋ ਸਕੇ ਕੱਟ ਦਿਓ। ਇਹ ਯਕੀਨੀ ਬਣਾਓ ਕਿ ਟਿਊਬ ਦੇ ਖੁਰਦਰੇ ਸਿਰੇ ਬਾਹਰ ਨਹੀਂ ਰਹਿੰਦੇ ਹਨ ਕਿਉਂਕਿ ਇਨ੍ਹਾਂ ਦੇ ਕਾਰਨ ਤੁਹਾਡੇ ਕੰਨ ਵਿਚ ਖਾਰਸ਼ ਹੋ ਸਕਦੀ ਹੈ।



6. ਹੁਣ ਤੁਹਾਨੂੰ ਆਪਣੇ ਕੰਨ ਦੀ ਫਿਟਿੰਗ ਦੇ ਅਨੁਸਾਰ ਟਿਊਬਿੰਗ ਦੀ ਲੰਬਾਈ ਨੂੰ ਬਦਲਣ ਦੀ ਜ਼ਰੂਰਤ ਹੈ। ਟਿਊਬਿੰਗ ਦੇ ਪੁਰਾਣੇ ਟੁਕੜੇ, (ਜਿਸਨੂੰ ਤੁਸੀਂ ਪਹਿਲਾਂ ਹਟਾ ਦਿੱਤਾ ਸੀ), ਉਸਨੂੰ ਨਵੀਂ ਫਿੱਟ ਕੀਤੀ ਟਿਊਬ ਨਾਲ ਰੱਖੋ, ਮਾਪੋ ਅਤੇ ਕੱਟ ਦਿਓ। ਜਾਂ ਹੀਅਰਿੰਗ ਡਿਵਾਇਸ ਨੂੰ ਆਪਣੇ ਕੰਨ ਦੇ ਉੱਤੇ ਲਗਾ, ਜਿਸ ਤਰ੍ਹਾਂ ਦਿਖਾਇਆ ਗਿਆ ਹੈ ਉਸ ਬਿੰਦੂ ਦੇ ਨਿਸ਼ਾਨ ਲਗਾਓ ਜਿੱਥੇ ਇਹ ਤੁਹਾਡੀ ਹੀਅਰਿੰਗ ਏਡ ਨੂੰ ਕਰਾਸ ਕਰਦੀ ਹੈ ਅਤੇ ਕੱਟ ਦਿਓ।



7. ਆਪਣੀ ਹੀਅਰਿੰਗ ਏਡ ਨੂੰ ਕੰਨ ਦੇ ਸਾਂਚੇ ਨਾਲ ਮੁੜ ਜੋੜਨ ਲਈ, ਟਿਊਬ ਦੇ ਸਿਰੇ ਨੂੰ ਦਬਾਓ ਅਤੇ ਕੰਨ ਦੇ ਸਾਂਚੇ ਅਤੇ ਹੀਅਰਿੰਗ ਏਡ ਨੂੰ ਆਪਸ ਵਿਚ ਧੱਕ ਦਿਓ।

**ਟੌਪ ਟਿਪ:** *ਕੰਨ ਦੇ ਸਾਂਚੇ ਦੀ ਟਿਊਬਿੰਗ ਸਮਾਂ ਪਾ ਕੇ ਸਖਤ ਹੋ ਸਕਦੀ ਹੈ, ਭੁਰਭੁਰੀ ਹੋ ਸਕਦੀ ਹੈ ਜਾਂ ਰੰਗਹੀਣ ਹੋ ਸਕਦੀ ਹੈ। ਆਮ ਤੌਰ ਤੇ ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਇਹ ਘੱਟੋ ਘੱਟ ਹਰ 6 ਮਹੀਨੇ ਬਾਅਦ ਬਦਲੀ ਜਾਂਦੀ ਹੈ। ਜੇ ਤੁਹਾਨੂੰ ਕੰਨ ਦੇ ਸਾਂਚੇ ਦੀ ਟਿਊਬ ਨੂੰ ਬਦਲਣ ਦੇ ਸਬੰਧ ਵਿਚ ਕਿਸੇ ਤਰ੍ਹਾਂ ਦੀ ਸਮੱਸਿਆ ਹੈ ਤਾਂ ਕਿਰਪਾ ਕਰਕੇ ਆਪਣੇ ਸਥਾਨਕ ਆਡਿਓਲੋਜੀ ਵਿਭਾਗ ਨਾਲ ਸੰਪਰਕ ਕਰੋ।*

ਹੋਰ ਸਹਾਇਤਾ ਲਈ, QR ਕੋਡ ਨੂੰ ਸਕੈਨ ਕਰੋ ਜਾਂ ਸਾਡੇ ਮਰੀਜ਼ ਸਹਾਇਤਾ ਪੋਰਟਲ 'ਤੇ ਜਾਓ: **danalogic.co.uk/patient-portal**